بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ　　وَ عَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

## • ਜੰਗੇ ਓਹਦ ਦੇ ਹਾਲਾਤ ਅਤੇ ਉਸ ਸਮੇਂ ਵਾਪਰਨ ਵਾਲਿਆਂ ਘਟਨਾਵਾਂ ਦਾ ਬਿਆਨ
## • ਵਿਸ਼ਵ ਯੁੱਧ ਤੋਂ ਸੁਰੱਖਿਅਤ ਰਹਿਣ ਲਈ ਦੁਆ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 02 ਫ਼ਰਵਰੀ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗੇ ਓਹਦ ਦੇ ਕਿੱਸਿਆਂ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸਾਥੀਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਅਤੇ ਉਹਨਾਂ ਦੇ ਆਂਹਜ਼ਰਤ ਸਲੱਲਾਹੁ ਅਲੈਹਿ ਵਸੱਲਮ ਨਾਲ ਇਸ਼ਕ ਦੀਆਂ ਮਿਸਾਲਾਂ ਮੈਂ ਦਿੱਤੀਆਂ ਸਨ। ਇਹਨਾਂ ਵਿੱਚ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਦੀ ਬਹਾਦਰੀ ਦਾ ਵੀ ਜ਼ਿਕਰ ਮਿਲਦਾ ਹੈ। ਸੋ, ਸਾਖੀ ਵਿੱਚ ਆਉਂਦਾ ਹੈ ਕਿ ਓਹਦ ਦੀ ਜੰਗ ਦੇ ਮੌਕੇ ਉਤੇ ਇਬਨੇ ਕਮੀਆ ਨੇ ਹਜ਼ਰਤ ਮਸਅਬ ਬਿਨ ਉਮੈਰ ਰਜ਼ੀ ਅੱਲਾਹ ਅੰਨਹੁ ਨੂੰ ਸ਼ਹੀਦ ਕਰਕੇ ਖ਼ਿਆਲ ਕੀਤਾ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਸ਼ਹੀਦ ਕਰ ਦਿੱਤਾ ਹੈ ਅਤੇ ਕੁਰੈਸ਼ ਨੂੰ ਕਿਹਾ ਕਿ ਮੈਂ ਮੁਹੱਮਦ (ਸੱਲਲਾਹੁ ਅਲੈਹਿ ਵਸੱਲਮ) ਨੂੰ ਕਤਲ ਕਰ ਦਿੱਤਾ।

ਹਜ਼ਰਤ ਮਸਅਬ ਰਜ਼ੀ ਅੱਲਾਹ ਦੇ ਸ਼ਹੀਦ ਹੋਣ ਦੇ ਬਾਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਝੰਡਾ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਦੇ ਹਵਾਲੇ ਕੀਤਾ। ਜਿੰਨਾਂ ਨੇ ਇੱਕ ਦੇ ਬਾਦ ਦੂਜੇ ਝੰਡੇ ਚੁੱਕਣ ਵਾਲੇ ਨੂੰ ਕਤਲ ਕੀਤਾ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਆਦੇਸ਼ ਉੱਤੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਨੇ ਕੁੱਫ਼ਾਰ ਦੇ ਅਮਰ ਬਿਨ ਅਬੱਦੁਲਾਹ ਜਮਹੀ ਅਤੇ ਸ਼ੀਬਾ ਬਿਨ ਮਾਲਿਕ ਨੂੰ ਕਤਲ ਕਰ ਦਿੱਤਾ। ਜਿਬਰਾਈਲ ਅਲੈਹਿ ਸਲਾਮ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਬਾਰੇ ਕਿਹਾ ਕਿ ਹੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ! ਜ਼ਰੂਰ ਹੀ ਇਹ ਹਮਦਰਦੀ ਦੇ ਯੋਗ ਹਨ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਹਾਂ ਅਲੀ ਮੇਰੇ ਵਿੱਚੋਂ ਹੈ ਅਤੇ ਮੈਂ ਅਲੀ ਵਿੱਚੋਂ ਹਾਂ। ਤੱਦ ਜਿਬਰਾਈਲ ਅਲੈਹਿ ਸਲਾਮ ਨੇ ਕਿਹਾ ਕਿ ਮੈਂ ਆਪ ਦੋਵਾਂ ਵਿੱਚੋਂ ਹਾਂ। ਇਸ ਗੱਲ੍ਹ ਨੂੰ ਸ਼ੀਆ ਲੋਕ ਵਾਧੂ ਗੱਲ੍ਹਾਂ ਜੋੜ੍ਹ ਕੇ ਵਧਾ ਚੜ੍ਹਾ ਕੇ ਬਿਆਨ ਕਰਦੇ ਹਨ।

ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਜੰਗੇ ਓਹਦ ਵਿੱਚ ਜੱਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਕੋਲ੍ਹੋਂ ਲੋਕ ਹੱਟ ਗਏ। ਤੱਦ ਮੈਂ ਸ਼ਹੀਦਾਂ ਦੀਆਂ ਲਾਸ਼ਾਂ ਵਿੱਚ ਵੇਖਣਾ ਸ਼ੁਰੂ ਕੀਤਾ ਤਾਂ ਉਹਨਾਂ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਨ ਪਾਇਆ। ਤੱਦ ਮੈਂ ਕਿਹਾ : ਰੱਬ ਦੀ ਕਸਮ ! ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨ ਭੱਜਣ ਵਾਲਿਆਂ ਵਿੱਚੋਂ ਸਨ ਅਤੇ ਨ ਹੀ ਮੈਂ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਸ਼ਹੀਦਾਂ ਵਿੱਚ ਪਾਇਆ। ਪਰ ਰੱਬ ਸਾਡੇ ਤੋਂ ਨਾਰਾਜ਼ ਹੋਇਆ ਅਤੇ ਉਸ ਨੇ ਆਪਣੇ ਨਬੀ ਨੂੰ ਚੁੱਕ ਲਿਆ ਹੈ। ਸੋ, ਹੁਣ ਮੇਰੇ ਲਈ

ਭਲਾਈ ਇਹੀ ਹੈ ਕਿ ਮੈਂ ਲੜ੍ਹਾਂ, ਇੱਥੇ ਤੱਕ ਕਿ ਕਤਲ ਕਰ ਦਿੱਤਾ ਜਾਵਾਂ। ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਕਹਿੰਦੇ ਹਨ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਉਹਨਾਂ ਦੇ ਵਿੱਚਕਾਰ ਹਨ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਨੇ ਓਹਦ ਤੋਂ ਵਾਪਸ ਆ ਕੇ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਨੂੰ ਆਪਣੀ ਤਲਵਾਰ ਸਾਫ਼ ਕਰਨ ਲਈ ਦਿੰਦੇ ਹੋਏ ਕਿਹਾ ਕਿ ਅੱਜ ਇਸ ਤਲਵਾਰ ਨੇ ਵੱਡਾ ਕੰਮ ਕੀਤਾ ਹੈ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਇਹ ਸੁਣ ਕੇ ਫ਼ਰਮਾਇਆ : ਅਲੀ ! ਤੇਰੀ ਹੀ ਤਲਵਾਰ ਨੇ ਕੰਮ ਕੀਤਾ ਹੈ। ਫ਼ਿਰ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਛੇ ਸੱਤ ਸਹਾਬੀਆਂ ਦੇ ਨਾਂ ਲੈਂਦੇ ਹੋਏ ਫ਼ਰਮਾਇਆ ਕਿ ਉਹਨਾਂ ਦੀ ਤਲਵਾਰਾਂ ਨੇ ਵੀ ਜੌਹਰ ਵਿਖਾਏ ਹਨ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਸੀਰਤ ਖ਼ਾਤਨੁੱਬੀਯੀਨ ਸੱਲਲਾਹੁ ਅਲੈਹਿ ਵਸੱਲਮ ਵਿੱਚ ਹਜ਼ਰਤ ਅਬੂ ਤਲਹਾ ਅੰਨਸਾਰੀ ਰਜ਼ੀ ਅੱਲਾਹ ਅੰਨਹੁ ਬਾਰੇ ਲਿੱਖਿਆ ਹੈ ਕਿ ਉਹਨਾਂ ਨੇ ਤੀਰ ਚਲਾਉਂਦੇ ਚਲਾਉਂਦੇ ਤਿੰਨ ਕਮਾਨਾਂ ਤੋੜ੍ਹ ਦਿੱਤੀਆਂ ਅਤੇ ਵਿਰੋਧੀ ਦੇ ਤੀਰਾਂ ਦੇ ਮੁਕਾਬਲੇ ਉੱਤੇ ਸੀਨਾ ਤਾਨ ਕੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸ਼ਰੀਰ ਨੂੰ ਆਪਣੀ ਢਾਲ ਨਾਲ ਲੁਕਾਇਆ।

ਹਜ਼ਰਤ ਸਅਦ ਬਿਨ ਵਕਾਸ ਰਜ਼ੀ ਅੱਲਾਹ ਅੰਨਹੁ ਨੂੰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਆਪ ਤੀਰ ਫੜ੍ਹਾਉਂਦੇ ਸਨ ਅਤੇ ਹਜ਼ਰਤ ਸਅਦ ਰਜ਼ੀ ਅੱਲਾਹ ਅੰਨਹੁ ਇਹ ਤੀਰ ਵਿਰੋਧੀਆਂ ਨੂੰ ਮਾਰਦੇ ਜਾਂਦੇ ਸਨ। ਇੱਕ ਵਾਰ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਹਜ਼ਰਤ ਸਅਦ ਰਜ਼ੀ ਅੱਲਾਹ ਅੰਨਹੁ ਨੂੰ ਫ਼ਰਮਾਇਆ : ਤੁਹਾਡੇ ਉੱਤੇ ਮੇਰੇ ਮਾਂ ਬਾਪ ਕੁਰਬਾਨ ਹੋਣ, ਬਰਾਬਰ ਤੀਰ ਚਲਾਓ। ਹਜ਼ਰਤ ਸਅਦ ਰਜ਼ੀ ਅੱਲਾਹ ਅੰਨਹੁ ਆਪਣੀ ਅੰਤਿਮ ਉਮਰ ਤੱਕ ਇਹਨਾਂ ਸ਼ਬਦਾਂ ਨੂੰ ਬਹੁਤ ਮਾਣ ਨਾਲ ਬਿਆਨ ਕਰਦੇ ਸਨ।

ਅਬੂ ਦਜਾਨਾ ਰਜ਼ੀ ਅੱਲਾਹ ਅੰਨਹੁ ਨੇ ਬਹੁਤ ਦੇਰ ਤੱਕ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਸ਼ਰੀਰ ਨੂੰ ਆਪਣੇ ਸ਼ਰੀਰ ਨਾਲ ਲੁਕਾਈ ਰੱਖਿਆ ਅਤੇ ਜੋ ਤੀਰ ਜਾਂ ਪੱਥਰ ਆਉਂਦਾ ਸੀ। ਉਸ ਨੂੰ ਆਪਣੇ ਸ਼ਰੀਰ ਉੱਤੇ ਲੈਂਦੇ ਸਨ। ਇੱਥੇ ਤੱਕ ਕਿ ਉਹਨਾਂ ਦਾ ਸ਼ਰੀਰ ਤੀਰਾਂ ਨਾਲ ਛਲਣੀ ਹੋ ਗਿਆ।

ਫ਼ਿਰ ਹਜ਼ਰਤ ਸਹਲ ਬਿਨ ਹਨੀਫ਼ ਰਜ਼ੀ ਅੱਲਾਹ ਅੰਨਹੁ ਹਨ। ਇਹ ਵੀ ਵੱਡੇ ਸਹਾਬੀਆਂ ਵਿੱਚੋਂ ਸਨ। ਜਿੰਨਾਂ ਨੇ ਓਹਦ ਦੇ ਦਿਨ ਨਿਡਰਤਾ ਵਿਖਾਈ। ਇਸ ਦਿਨ ਉਹਨਾਂ ਨੇ ਮੌਤ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਬੈਅਤ ਕੀਤੀ ਸੀ। ਆਪ ਉਸ ਸਮੇਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਅੱਗੇ ਢਾਲ ਬਣ ਕੇ ਡੱਟੇ ਰਹੇ।

ਫ਼ਿਰ ਹਜ਼ਰਤ ਉੱਮੇ ਅੱਮਾਰਾ ਰਜ਼ੀ ਅੱਲਾਹ ਅੰਨਹਾ ਦਾ ਵੀ ਜ਼ਿਕਰ ਮਿਲਦਾ ਹੈ। ਜਿੰਨਾਂ ਨੇ ਬਹਾਦਰੀ ਦੇ ਜੌਹਰ ਵਿਖਾਏ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਬਾਰੇ ਫ਼ਰਮਾਇਆ ਕਿ ਓਹਦ ਦੇ ਦਿਨ ਮੈਂ ਸੱਜੇ ਖੱਬੇ ਜਿੱਥੇ ਵੀ ਵੇਖਦਾ ਸੀ। ਉਹਨਾਂ ਨੂੰ ਵੇਖਦਾ ਸੀ ਕਿ ਮੇਰੀ ਰਾਖੀ ਲਈ ਵਿਰੋਧੀ ਨਾਲ ਲੜ੍ਹ ਰਹੀ ਹਨ।

ਜੰਗ ਵਿੱਚ ਅਬੂ ਸੁਫ਼ਯਾਨ ਦੇ ਨਾਲ ਵਾਰਤਾਲਾਪ ਦਾ ਜ਼ਿਕਰ ਮਿਲਦਾ ਹੈ ਅਤੇ ਕੁਰੈਸ਼ ਕਿਵੇਂ ਵਾਪਸ ਹੋਏ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ, ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਜ਼ਖ਼ਮੀ ਹੋ ਕੇ ਬੇਹੋਸ਼ ਹੋਣ ਅਤੇ ਉਸ ਦੇ ਬਾਦ ਦੇ ਕਿੱਸਿਆਂ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਕੁੱਝ ਦੇਰ ਬਾਦ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਹੋਸ਼ ਆ ਗਿਆ ਅਤੇ ਸਹਾਬੀਆਂ ਨੇ ਹਰ ਪਾਸੇ ਮੈਦਾਨ ਵਿੱਚ ਆਦਮੀ ਦੌੜ੍ਹਾ ਦਿੱਤੇ ਕਿ

ਮੁਸਲਮਾਨ ਫ਼ਿਰ ਜਮ੍ਹਾਂ ਹੋ ਜਾਣ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਉਹਨਾਂ ਨੂੰ ਲੈ ਕੇ ਪਹਾੜ੍ਹੀ ਦੇ ਵਿੱਚਕਾਰ ਚਲੇ ਗਏ। ਜੱਦ ਪਹਾੜ੍ਹੀ ਦੇ ਵਿੱਚਕਾਰ ਬਚਾ ਹੋਇਆ ਲਸ਼ਕਰ ਖੜ੍ਹਾ ਸੀ ਤਾਂ ਅਬੂ ਸੁਫ਼ਯਾਨ ਨੇ ਬਹੁਤ ਜ਼ੋਰ ਨਾਲ ਆਵਾਜ਼ ਦਿੱਤੀ ਅਤੇ ਕਿਹਾ : ਅਸੀਂ ਮੁਹੱਮਦ (ਸੱਲਲਾਹੁ ਅਲੈਹਿ ਵਸੱਲਮ) ਨੂੰ ਮਾਰ ਦਿੱਤਾ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਅਬੂ ਸੁਫ਼ਯਾਨ ਦੀ ਗੱਲ੍ਹ ਦਾ ਉੱਤਰ ਨ ਦਿੱਤਾ। ਜੱਦ ਇਸਲਾਮੀ ਲਸ਼ਕਰ ਵੱਲੋਂ ਇਸ ਗੱਲ੍ਹ ਦਾ ਕੋਈ ਉੱਤਰ ਨ ਮਿਲਿਆ ਤਾਂ ਅਬੂ ਸੁਫ਼ਯਾਨ ਨੂੰ ਯਕੀਨ ਹੋ ਗਿਆ ਕਿ ਉਸ ਦਾ ਖ਼ਿਆਲ ਠੀਕ ਹੈ ਅਤੇ ਉਸ ਨੇ ਦਾਅਵਾ ਕੀਤਾ ਕਿ ਅਸੀਂ ਅਬੂ ਬਕਰ (ਰਜ਼ੀ ਅੱਲਾਹ ਅੰਨਹੁ) ਅਤੇ ਉਮਰ (ਰਜ਼ੀ ਅੱਲਾਹ ਅੰਨਹੁ) ਨੂੰ ਵੀ ਮਾਰ ਦਿੱਤਾ। ਹੁਣ ਕੁੱਫ਼ਾਰ ਨੂੰ ਯਕੀਨ ਹੋ ਗਿਆ ਕਿ ਇਸਲਾਮ ਦੇ ਸੰਸਥਾਪਕ ਨੂੰ ਵੀ ਅਤੇ ਉਹਨਾਂ ਦੀ ਸੱਜੀ ਖੱਬੀ ਬਾਂਹ ਨੂੰ ਵੀ ਅਸੀਂ ਕਤਲ ਕਰ ਦਿੱਤਾ ਹੈ। ਇਸ ਉੱਤੇ ਅਬੂ ਸੁਫ਼ਯਾਨ ਅਤੇ ਉਸ ਦੇ ਸਾਥੀਆਂ ਨੇ ਖ਼ੁਸ਼ੀ ਨਾਲ ਨਾਅਰਾ ਲਾਇਆ...ਸਾਡੇ ਬੁੱਤ ਹੁਬਲ ਦੀ ਸ਼ਾਨ ਬੁਲੰਦ ਹੋਵੇ ਕਿ ਉਸ ਨੇ ਅੱਜ ਇਸਲਾਮ ਦਾ ਖ਼ਾਤਮਾ ਕਰ ਦਿੱਤਾ ਹੈ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਉਹੀ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਜੋ ਆਪਣੀ ਮੌਤ ਦੇ ਐਲਾਨ ਉੱਤੇ, ਅਬੂ ਬਕਰ ਰਜ਼ੀ ਅੱਲਾਹ ਅੰਨਹੁ ਅਤੇ ਉਮਰ ਰਜ਼ੀ ਅੱਲਾਹ ਅੰਨਹੁ ਦੀ ਮੌਤ ਦੇ ਐਲਾਨ ਉੱਤੇ ਚੁੱਪ ਰਹਿਣ ਦੀ ਨਸੀਹਤ ਫ਼ਰਮਾ ਰਹੇ ਸਨ ਕਿ ਇੰਞ ਨ ਹੋਵੇ ਕਿ ਜ਼ਖ਼ਮੀ ਮੁਸਲਮਾਨਾਂ ਉੱਤੇ ਫ਼ਿਰ ਕੁੱਫ਼ਾਰ ਦਾ ਲਸ਼ਕਰ ਪਰਤ ਕੇ ਹਮਲਾ ਕਰ ਦੇਵੇ ਅਤੇ ਮੁੱਠੀ ਭਰ ਮੁਸਲਮਾਨ ਉਸ ਦੇ ਹੱਥੋਂ ਸ਼ਹੀਦ ਹੋ ਜਾਣ। ਹੁਣ ਜੱਦ ਕਿ ਇੱਕ ਈਸ਼ਵਰ ਦੀ ਇੱਜ਼ਤ ਦਾ ਸਵਾਲ ਪੈਦਾ ਹੋਇਆ ਅਤੇ ਦਵੈਤਵਾਦ ਦਾ ਨਾਅਰਾ ਮੈਦਾਨ ਵਿੱਚ ਮਾਰਿਆ ਗਿਆ ਤਾਂ ਆਪ ਦੀ ਰੂਹ ਬੇਚੈਨ ਹੋ ਗਈ ਅਤੇ ਆਪ ਨੇ ਬਹੁਤ ਜੋਸ਼ ਨਾਲ ਸਹਾਬੀਆਂ ਵੱਲ੍ਹ ਵੇਖ ਕੇ ਫ਼ਰਮਾਇਆ : ਤੁਸੀਂ ਜਵਾਬ ਕਿਉਂ ਨਹੀਂ ਦਿੰਦੇ ? ਸਹਾਬੀਆਂ ਨੇ ਕਿਹਾ ਹੇ ਅੱਲਾਹ ਦੇ ਰਸੂਲ ! ਅਸੀਂ ਕੀ ਉੱਤਰ ਦੇ ਸਕਦੇ ਆ ? ਫ਼ਰਮਾਇਆ : ਕਹੋ ਤੁਸੀਂ ਝੁੱਠ ਬੋਲਦੇ ਹੋ ਕਿ ਹੁਬਲ ਦੀ ਸ਼ਾਨ ਬੁਲੰਦ ਹੋਵੇ, ਇਹ ਤੁਹਾਡਾ ਝੁੱਠ ਹੈ। ਇੱਕੋ ਇੱਕ ਰੱਬ ਹੀ ਮਾਣਯੋਗ ਹੈ ਅਤੇ ਉਸ ਦੀ ਸ਼ਾਨ ਉੱਚ ਹੈ ਅਤੇ ਇੰਞ ਆਪ ਨੇ ਆਪਣੇ ਜ਼ਿੰਦਾ ਹੋਣ ਦੀ ਖ਼ਬਰ ਵਿਰੋਧੀਆਂ ਤੱਕ ਪਹੁੰਚਾ ਦਿੱਤੀ। ਇਸ ਦਲੇਰੀ ਅਤੇ ਬਹਾਦਰੀ ਭਰੇ ਉੱਤਰ ਦਾ ਪ੍ਰਭਾਵ ਕੁੱਫ਼ਾਰ ਦੇ ਲਸ਼ਕਰ ਉੱਤੇ ਇੰਨ੍ਹਾਂ ਡੂੰਗਾ ਪਿਆ ਕਿ ਉਸ ਦੇ ਬਾਦ ਵੀ ਕਿ ਉਹਨਾਂ ਦੀਆਂ ਉਮੀਦਾਂ ਇਸ ਉੱਤਰ ਨਾਲ ਮਿੱਟੀ ਵਿੱਚ ਮਿਲ ਗਈਆ ਅਤੇ ਉਸ ਦੇ ਬਾਦ ਵੀ ਕਿ ਉਹਨਾਂ ਦੇ ਸਾਮ੍ਹਣੇ ਮੁੱਠੀ ਭਰ ਜ਼ਖ਼ਮੀ ਮੁਸਲਮਾਨ ਖੜ੍ਹੇ ਸਨ। ਜਿੰਨਾਂ ਉੱਤੇ ਹਮਲਾ ਕਰਕੇ ਉਹਨਾਂ ਨੂੰ ਮਾਰ ਦੇਣਾ ਬਿਲਕੁੱਲ ਸੰਭਵ ਸੀ। ਉਹ ਮੁੜ੍ਹ ਹਮਲਾ ਕਰਨ ਦੀ ਹਿੰਮਤ ਨ ਕਰ ਸਕੇ ਅਤੇ ਜੋ ਜਿੱਤ ਉਹਨਾਂ ਨੂੰ ਪ੍ਰਾਪਤ ਹੋਇਆ ਸੀ। ਉਸ ਦੀ ਖ਼ੁਸ਼ੀਆਂ ਮਨਾਉਂਦੇ ਮੱਕੇ ਵੱਲ੍ਹ ਪਰਤ ਗਏ। ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਵੱਖ ਵੱਖ ਪੱਖਾਂ ਨਾਲ ਇਸ ਕਿੱਸੇ ਨੂੰ ਵੱਖ ਵੱਖ ਥਾਂ ਉੱਤੇ ਬਿਆਨ ਕੀਤਾ ਹੈ। ਜੋ ਇੰਸ਼ਾ-ਅੱਲਾਹ ਅੱਗੇ ਬਿਆਨ ਕਰਾਂਗਾ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਇਸ ਸਮੇਂ ਜਿਵੇਂ ਕਿ ਮੈਂ ਆਮ ਤੌਰ ਉੱਤੇ ਦੁਆ ਲਈ ਕਹਿੰਦਾ ਹਾਂ। ਫ਼ਲਸਤੀਨੀਆਂ ਦੇ ਆਮ ਹਾਲਾਤਾਂ ਲਈ ਦੁਆਵਾਂ ਜਾਰੀ ਰੱਖੋ। ਸੁਣਿਆ ਹੈ ਕਿ ਗ਼ੱਜ਼ਾਹ ਵਿੱਚ ਤਾਂ ਜੰਗ ਬੰਦੀ ਦੀ ਕੋਸ਼ਿਸ਼ ਹੋ ਰਹੀ ਹੈ। ਹੋ ਸਕਦਾ ਹੈ ਇਸਰਾਈਲੀ ਸਰਕਾਰ ਵੀ ਕੁੱਝ ਹੱਦ ਤੱਕ ਮੰਨ ਜਾਵੇ। ਪਰ ਲਿਬਨਾਨ ਦੀ ਸਰਹਦ ਦੇ ਨਾਲ ਜੰਗ ਭੜ੍ਹਕਣ ਦਾ ਡਰ ਵੱਧ ਰਿਹਾ ਹੈ ਅਤੇ ਇਸ ਦਾ ਪ੍ਰਭਾਵ ਫ਼ਿਰ ਪਛੱਮੀ ਬੈਂਕ ਦੇ ਫ਼ਲਸਤੀਨੀਆਂ ਉੱਤੇ ਵੀ ਪੈਣਾ ਹੈ। ਪੱਛਮੀ ਸਰਕਾਰਾਂ ਵਿੱਚ ਇੰਨਸਾਫ਼ ਦਾ ਕੋਈ ਨਾਂ ਹੀ ਨਹੀਂ। ਹੁਣ ਤਾਂ ਉਹਨਾਂ ਦੇ ਆਪਣੇ ਲਿੱਖਣ

ਵਾਲੇ ਹੋਰ ਖੁੱਲ੍ਹ ਕੇ ਲਿੱਖ ਰਹੇ ਹਨ ਕਿ ਜ਼ੁਲਮ ਦਾ ਅੰਤ ਹੋ ਰਿਹਾ ਹੈ। ਅਮਰੀਕਾ ਕੇਵਲ ਆਪਣੀ ਆਰਥਿਕਤਾ ਚੰਗੀ ਕਰਨ ਲਈ ਉਹਨਾਂ ਦੀਆਂ ਜੰਗਾਂ ਨੂੰ ਹਵਾ ਦੇ ਰਿਹਾ ਹੈ ਅਤੇ ਇਸੇ ਕਰਕੇ ਉਹਨਾਂ ਦੀ ਆਮਦਨੀ ਵੱਧ ਰਹੀ ਹੈ ਕਿਉਂਕਿ ਉਹਨਾਂ ਦੇ ਹਥਿਆਰ ਦੇ ਕਾਰਖਾਨੇ ਵੱਧ ਪੈਦਾਵਾਰ ਦੇ ਰਹੇ ਹਨ। ਹੁਣ ਤਾਂ ਉਹਨਾਂ ਦੇ ਆਪਣੇ ਲੋਕ ਵੀ ਇਹੀ ਕਹਿ ਰਹੇ ਹਨ ਕਿ ਅਮਰੀਕਾ ਆਪਣੀ ਆਰਥਿਕਤਾ ਨੂੰ ਚੰਗਾ ਬਣਾਉਣ ਲਈ ਇਸ ਜੰਗ ਨੂੰ ਲੰਮਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਦੁਨੀਆ ਵਿੱਚ ਫ਼ਸਾਦ ਫ਼ੈਲਾ ਰਿਹਾ ਹੈ। ਇਹ ਨਹੀਂ ਜਾਣਦੇ ਕਿ ਰੱਬ ਦੀ ਪਕੜ੍ਹ ਤੋਂ ਇਹ ਲੋਕ ਬੱਚ ਨਹੀਂ ਸਕਦੇ। ਅਹਮਦੀ ਹਰ ਹਾਲ ਵਿੱਚ ਆਪਣੀ ਦੁਆਵਾਂ ਅਤੇ ਸੰਬੰਧਾਂ ਨਾਲ ਤਬਾਹੀ ਤੋਂ ਬਚਣ ਲਈ ਆਪਣਾ ਕਿਰਦਾਰ ਅਦਾ ਕਰਨਗੇ। ਪਿੱਛਲੇ ਦਿਨੀਂ ਇਹ ਖ਼ਬਰ ਵੀ ਸੀ ਕਿ ਯੂ.ਐਨ.ਓ ਦੀ ਜੋ ਮਦਦ ਕਰਨ ਵਾਲੀ ਐਜੰਸੀ ਹੈ। ਅਮਰੀਕਾ ਅਤੇ ਯੂ.ਕੇ ਆਦਿ ਨੇ ਉਹਨਾਂ ਨੂੰ ਵਿੱਤੀ ਸਹਾਇਤਾ ਦੇਣੀ ਬੰਦ ਕਰ ਦਿੱਤੀ ਹੈ। ਇੰਨਕਾਰ ਕਰ ਦਿੱਤਾ ਹੈ ਕਿ ਉਹਨਾਂ ਦੇ 11 ਜਾਂ 12 ਲੋਕ ਹਮਾਸ ਦੇ ਨਾਲ ਮਿਲੇ ਹੋਏ ਸਨ। ਇਸ ਕਰਕੇ ਇਹ ਜ਼ੁਲਮ ਕਿ ਫ਼ਲਸਤੀਨੀਆਂ ਨੂੰ ਮਦਦ ਨ ਕਰੋ। ਇਹ ਇਸ ਲਈ ਹੈ ਕਿ ਉਹਨਾਂ ਨੂੰ ਮਜਬੂਰ ਕੀਤਾ ਜਾਵੇ ਹੋਰ ਕੁੱਝ ਵੀ ਨਹੀਂ। ਪਰ ਹੈਰਾਨੀ ਇਸ ਗੱਲ੍ਹ ਉੱਤੇ ਹੈ ਕਿ ਜੇਕਰ ਪੱਛਮੀ ਦੇਸ਼ਾਂ ਨੇ ਮਦਦ ਬੰਦ ਕੀਤੀ ਹੈ ਤਾਂ ਇਹ ਕੋਈ ਖ਼ਬਰ ਨਹੀਂ ਆ ਰਹੀ ਕਿ ਕਿਉਂ ਨਹੀਂ ਤੇਲ ਦੀ ਦੌਲਤ ਰੱਖਣ ਵਾਲੇ ਮੁਸਲਮਾਨ ਦੇਸ਼ਾਂ ਨੇ ਇਹ ਐਲਾਨ ਕੀਤਾ ਕਿ ਅਸੀਂ ਇਹ ਮਦਦ ਕਰਾਂਗੇ ਕਿਉਂਕਿ ਯੂ.ਐਨ.ਓ ਦੀ ਐਜੰਸੀ ਨੇ ਤਾਂ ਐਲਾਨ ਕੀਤਾ ਹੈ ਕਿ ਜੇਕਰ ਮਦਦ ਨ ਮਿਲੀ ਤਾਂ ਫ਼ਰਵਰੀ ਦੇ ਬਾਦ ਅਸੀਂ ਕੋਈ ਮਦਦ ਨਹੀਂ ਪਹੁੰਚਾ ਸਕਦੇ।

ਸੋ, ਰੱਬ ਇਹਨਾਂ ਮੁਸਲਮਾਨ ਦੇਸ਼ਾਂ ਨੂੰ ਵੀ ਆਪਣਾ ਕਿਰਦਾਰ ਅਦਾ ਕਰਨ ਦੀ ਤੌਫ਼ੀਕ ਬਖ਼ਸ਼ੇ ਅਤੇ ਦੁਨੀਆਂ ਦਾ ਫ਼ਸਾਦ ਵੀ ਖ਼ਤਮ ਹੋਵੇ। ਹੁਣ ਈਰਾਨ ਦੇ ਨਾਲ ਵੀ ਜੰਗ ਦਾ ਖ਼ਤਰਾ ਵੱਧ ਰਿਹਾ ਹੈ। ਇੰਝ ਹੀ ਯਮਨ ਦੇ ਅਹਮਦੀਆਂ ਲਈ ਵੀ ਦੁਆ ਕਰੋ। ਇੱਕ ਸਾਡੇ ਸ਼ਰਧਾਵਾਨ ਅਹਮਦੀ ਵੀ ਉੱਥੇ ਕੈਦ ਜਾਂ ਨਜ਼ਰ ਬੰਦੀ ਦੇ ਦੌਰਾਨ ਇਲਾਜ ਸਹੀ ਨ ਹੋਣ ਕਰਕੇ ਆਕਾਲ ਚਲਾਣਾ ਕਰ ਗਏ ਹਨ। ਵਿਸਥਾਰ ਤਾਂ ਔਖੇ ਹੀ ਮਿਲਦਾ ਹੈ। ਸੋ, ਉਹਨਾਂ ਲੋਕਾਂ ਲਈ ਦੁਆ ਕਰੋ, ਜੋ ਮੁਸ਼ਕਿਲਾਂ ਵਿੱਚ ਗਿਰਫ਼ਤਾਰ ਹਨ। ਹੋਰ ਵਿਸਥਾਰ ਮਿਲਣ ਉੱਤੇ ਇੰਸ਼ਾ-ਅੱਲਾਹ ਸਵਰਗਵਾਸੀ ਦਾ ਫ਼ਿਰ ਜਨਾਜ਼ਾ ਵੀ ਪੜ੍ਹਾਂਗਾ।

ਪਾਕਿਸਤਾਨ ਦੇ ਅਹਮਦੀਆਂ ਲਈ ਵੀ ਦੁਆ ਕਰੋ। ਆਪਣੇ ਰਾਜਨੀਤਿਕ ਲਾਭ ਲਈ ਸਦਾ ਅਹਮਦੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਅਤੇ ਇੰਝ ਕੁੱਝ ਕੱਟੜ੍ਹਪੰਥੀਆਂ ਤੋਂ ਵੀ ਜਮਾਅਤ ਨੂੰ ਖ਼ਤਰਾ ਹੈ। ਅਹਮਦੀਆਂ ਨੂੰ ਹਰ ਥਾਂ ਦੋਹਰਾ ਖ਼ਤਰਾ ਹੁੰਦਾ ਹੈ। ਇੱਕ ਸ਼ਹਿਰੀ ਹੋਣ ਕਰਕੇ, ਦੂਜਾ ਅਹਮਦੀ ਹੋਣ ਕਰਕੇ। ਰਬਵਾਹ ਅਤੇ ਹੋਰ ਸ਼ਹਿਰਾਂ ਦੇ ਅਹਮਦੀਆਂ ਲਈ ਵੀ ਦੁਆ ਕਰੋ। ਰੱਬ ਉਹਨਾਂ ਨੂੰ ਸੁਰੱਖਿਅਤ ਰਖੇ। ਸ਼ਰਾਰਤੀ ਲੋਕਾਂ ਦੀਆਂ ਸ਼ਰਾਰਤਾਂ ਉਹਨਾਂ ਉੱਤੇ ਪਲਟ ਜਾਣ ਅਤੇ ਰੱਬ ਹਰ ਦੇਸ਼ ਵਿੱਚ ਅਹਮਦੀਆਂ ਨੂੰ ਸੁਰੱਖਿਅਤ ਰੱਖੇ। ਦੁਨੀਆਂ ਇਸ ਹਕੀਕਤ ਨੂੰ ਪਛਾਣ ਸਕੇ ਕਿ ਰੱਬ ਵੱਲ੍ਹ ਆਏ ਬਿਨਾਂ ਕੋਈ ਰਾਹ ਬਾਕੀ ਨਹੀਂ ਹੈ। ਉਹਨਾਂ ਦੀ ਜ਼ਿੰਦਗੀ ਇਸੇ ਵਿੱਚ ਹੈ ਕਿ ਰੱਬ ਨੂੰ ਪਛਾਣ ਲੈਣ ਅਤੇ ਰੱਬ ਦੇ ਭੇਜੇ ਹੋਏ ਨੂੰ ਮੰਨ ਲੈਣ। ਰੱਬ ਉਹਨਾਂ ਨੂੰ ਇਸ ਦੀ ਤੌਫ਼ੀਕ ਬਖ਼ਸ਼ੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔